

## ਕੁਝ ਲੋਕਾਂ ਨੂੰ ਵਾਧੂ ਟੀਕਿਆਂ ਦੀ ਲੋੜ ਹੋ ਸਕਦੀ ਹੈ



ਕੁਝ ਲੋਕਾਂ ਨੂੰ ਲਾਗਾਂ ਤੋਂ **ਗੰਭੀਰ ਬਿਮਾਰੀ ਹੋਣ ਦੀ ਜ਼ਿਆਦਾ ਸੰਭਾਵਨਾ** ਹੁੰਦੀ ਹੈ ਅਤੇ ਉਹਨਾਂ ਦੀ ਰੱਖਿਆ ਵਿੱਚ ਸਹਾਇਤਾ ਕਰਨ ਲਈ ਉਹਨਾਂ ਨੂੰ ਵਾਧੂ ਟੀਕੇ ਪੇਸ਼ ਕੀਤੇ ਜਾਣੇ ਚਾਹੀਦੇ ਹਨ। ਇਸ ਵਿੱਚ ਉਹ ਲੋਕ ਸ਼ਾਮਲ ਹਨ ਜੋ ਕਿਸੇ ਅਜਿਹੀ ਪੁਰਾਣੀ ਬਿਮਾਰੀ ਦੇ ਨਾਲ ਜੀ ਰਹੇ ਹਨ ਜੋ ਉਨ੍ਹਾਂ ਦੇ ਪ੍ਰਮੁੱਖ ਅੰਗਾਂ ਜਾਂ ਪ੍ਰਤਿਰੱਖਿਆ ਪ੍ਰਣਾਲੀ ਨੂੰ ਪ੍ਰਭਾਵਤ ਕਰਦੀ ਹੈ।



**ਹੈਪੇਟਾਇਟਿਸ A** ਹੈਪੇਟਾਇਟਿਸ A ਦੇ ਉੱਚ ਜੋਖਮ ਵਾਲੇ ਲੋਕਾਂ, ਜਿਨ੍ਹਾਂ ਵਿੱਚ ਜਿਗਰ ਦੀ ਬਿਮਾਰੀ ਵਾਲੇ ਲੋਕ ਅਤੇ ਅਜਿਹੇ ਪਰਿਵਾਰ ਸ਼ਾਮਲ ਵੀ ਹਨ ਜਿਥੇ ਕੋਈ ਮਾਮਲਾ ਸਾਹਮਣੇ ਆਇਆ ਨੂੰ ਇਸ ਵੈਕਸੀਨ ਦੀ ਲੋੜ ਹੁੰਦੀ ਹੈ।



**ਹੈਪੇਟਾਇਟਿਸ B** ਹੈਪੇਟਾਇਟਿਸ B ਦਾ ਵਾਧੂ ਟੀਕਾ ਜਿਗਰ ਦੀ ਬਿਮਾਰੀ ਵਾਲੇ ਲੋਕਾਂ ਜਾਂ ਲਾਗ ਲੱਗਣ ਦੀ ਜ਼ਿਆਦਾ ਸੰਭਾਵਨਾ ਵਾਲੇ ਲੋਕਾਂ (ਜਿਵੇਂ ਕਿ ਹੈਪੇਟਾਇਟਿਸ B ਵਾਲੀਆਂ ਔਰਤਾਂ ਦੇ ਪੈਦਾ ਹੋਏ ਬੱਚੇ ਜਾਂ ਉਹ ਲੋਕ ਜਿਨ੍ਹਾਂ ਦੇ ਸਾਥੀ ਜਾਂ ਪਰਿਵਾਰਕ ਮੈਂਬਰ ਨੂੰ ਲਾਗ ਹੈ) ਲਈ ਵੀ ਉਪਲਬਧ ਹੈ। ਆਪਣੀ ਜੀਪੀ ਪ੍ਰੈਕਟਿਸ ਨੂੰ ਪੁੱਛੋ ਕਿ ਕੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਹੈਪੇਟਾਇਟਿਸ B ਦਾ ਟੀਕਾ ਲਗਵਾਉਣਾ ਚਾਹੀਦਾ ਹੈ।



**ਤਪੇਦਿਕ** ਟੀਬੀ ਦੀ ਉੱਚੀ ਦਰ ਵਾਲੇ ਖੇਤਰਾਂ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਬਾਲਗਾਂ ਨੂੰ BCG ਦੇ ਟੀਕੇ ਦੀ ਲੋੜ ਹੁੰਦੀ ਹੈ। ਟੀਬੀ ਤੋਂ ਗ੍ਰਸਤ ਨਜ਼ਦੀਕੀ ਪਰਿਵਾਰਕ ਮੈਂਬਰਾਂ ਵਾਲੇ ਲੋਕਾਂ ਨੂੰ ਵੀ BCG ਟੀਕੇ ਦੀ ਲੋੜ ਹੁੰਦੀ ਹੈ।

**ਮੌਜੂਦਾ NHSE ਰਜਿਸਟ੍ਰੇਸ਼ਨ ਬਾਰੇ ਮਾਰਗਦਰਸ਼ਨ (ਪ੍ਰਾਇਮਰੀ ਡਾਕਟਰੀ ਦੇਖਭਾਲ ਨੀਤੀ ਅਤੇ ਮਾਰਗਦਰਸ਼ਨ ਕਿਤਾਬਚਾ) ਅਤੇ ਪ੍ਰਵਾਸੀ ਸਿਹਤ ਜ਼ਰੂਰਤਾਂ ਬਾਰੇ BMA ਦੀ ਸੰਖੇਪ ਗਾਈਡ ਲਈ ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: https://bit.ly/2hv37zc**

NHS

**ਮੈਨੂੰ ਕਿਸੇ ਜੀਪੀ ਪ੍ਰੈਕਟਿਸ ਕੋਲ ਰਜਿਸਟਰ ਕਰਨ ਅਤੇ ਉਸ ਤੋਂ ਇਲਾਜ ਪ੍ਰਾਪਤ ਕਰਨ ਦਾ ਅਧਿਕਾਰ ਹੈ**

## ਕੀ ਤੁਸੀਂ ਜਾਂ ਕੋਈ ਵਿਅਕਤੀ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ, ਬਿਮਾਰ ਹੈ?

Call 111

**ਜੇ ਤੁਹਾਨੂੰ ਬਹੁਤ ਜ਼ਰੂਰੀ ਡਾਕਟਰੀ ਸਹਾਇਤਾ ਜਾਂ ਸਲਾਹ ਦੀ ਲੋੜ ਹੈ, ਪਰ ਇਹ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਸਥਿਤੀ ਨਹੀਂ ਹੈ, ਤਾਂ** NHS ਨੂੰ 111 'ਤੇ ਕਾਲ ਕਰੋ। ਜੇ ਤੁਹਾਨੂੰ ਇਸ ਬਾਰੇ ਪੱਕੇ ਤੌਰ 'ਤੇ ਪਤਾ ਨਹੀਂ ਹੈ ਕਿ ਤੁਹਾਨੂੰ ਕਿਹੜੀ NHS ਸੇਵਾ ਦੀ ਲੋੜ ਹੈ ਤਾਂ ਵੀ ਤੁਸੀਂ NHS ਨੂੰ 111 'ਤੇ ਕਾਲ ਕਰ ਸਕਦੇ ਹੋ।

**ਆਪਣੇ ਸਥਾਨਕ ਫਾਰਮਾਸਿਸਟ ਤੋਂ ਸਲਾਹ ਲਵੋ** - ਤੁਹਾਡਾ ਫਾਰਮਾਸਿਸਟ ਕਈ ਆਮ ਮਾਮੂਲੀ ਬਿਮਾਰੀਆਂ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ, ਜਿਵੇਂ ਕਿ ਦਸਤ ਲੱਗਣੇ, ਮਾਮੂਲੀ ਇਨਫੈਕਸ਼ਨਾਂ, ਸਿਰਦਰਦ, ਸਫਰ ਬਾਰੇ ਸਲਾਹ ਜਾਂ ਸੁੱਜਿਆ ਗਲਾ।

ਜੇ ਤੁਸੀਂ ਠੀਕ ਮਹਿਸੂਸ ਨਹੀਂ ਕਰ ਰਹੇ ਹੋ ਅਤੇ ਇਹ ਕੋਈ ਐਮਰਜੈਂਸੀ ਨਹੀਂ ਹੈ ਤਾਂ **ਆਪਣੇ GP ਤੋਂ ਅਪਾਇੰਟਮੈਂਟ ਲਵੋ।**

ਜੇ ਤੁਹਾਨੂੰ ਕੋਈ ਮਾਮੂਲੀ ਬਿਮਾਰੀ ਜਾਂ ਸੱਟ ਲੱਗ ਜਾਂਦੀ ਹੈ (ਕੱਟ, ਮੋਚ ਜਾਂ ਧੱਫੜ) ਅਤੇ ਇਸਦੇ ਲਈ ਜੀਪੀ ਦੀ ਸਰਜਰੀ ਦੇ ਖੁੱਲ੍ਹਣ ਤੱਕ ਉਡੀਕ ਨਹੀਂ ਕੀਤੀ ਜਾ ਸਕਦੀ, ਤਾਂ **ਵਾਕ-ਇਨ ਸੈਂਟਰ, ਮਾਮੂਲੀ ਸੱਟ ਦਾ ਯੂਨਿਟ ਜਾਂ ਜ਼ਰੂਰੀ ਦੇਖਭਾਲ ਕੇਂਦਰ 'ਤੇ ਜਾਓ।**

999

ਜੇ ਕੋਈ ਵਿਅਕਤੀ ਗੰਭੀਰ ਰੂਪ ਵਿੱਚ ਬਿਮਾਰ ਜਾਂ ਜ਼ਖ਼ਮੀ ਹੈ ਅਤੇ ਉਹਨਾਂ ਦੇ ਜੀਵਨ ਨੂੰ ਖ਼ਤਰਾ ਹੈ ਤਾਂ **999 'ਤੇ ਕਾਲ ਕਰੋ।**

A&E

**A&E ਵਿਭਾਗ** (ਐਮਰਜੈਂਸੀ ਵਿਭਾਗ ਜਾਂ ਦੁਰਘਟਨਾ ਵਿਭਾਗ ਵੀ ਕਿਹਾ ਜਾਂਦਾ ਹੈ) ਅਸਲ ਜਾਨਲੇਵਾ ਐਮਰਜੈਂਸੀਆਂ ਨਾਲ ਨਜਿੱਠਦਾ ਹੈ। ਲੋਕਾਂ ਨੂੰ ਲੋੜ ਅਨੁਸਾਰ ਦੇਖਿਆ ਅਤੇ ਇਲਾਜ ਦਿੱਤਾ ਜਾਂਦਾ ਹੈ।

UK Health Security Agency

© ਕ੍ਰਾਉਨ ਕਾਪੀਰਾਈਟ 2022 MG235589 1P DEC 2019 (APS)

UK Health Security Agency


NHS

## ਯੂਕੇ ਵਿੱਚ ਰਹਿਣ ਲਈ ਆ ਗਏ ਹੋ:

# ਹੁਣ ਤੱਕ ਦੇ ਆਪਣੇ ਸਾਰੇ ਟੀਕੇ ਲਗਵਾਓ



## ਟੀਕੇ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਗੰਭੀਰ ਲਾਗਾਂ ਤੋਂ ਬਚਾਉਣ ਦਾ ਸਭ ਤੋਂ ਸੁਰੱਖਿਅਤ ਢੰਗ ਹਨ - ਉਹ ਸਿਹਤਮੰਦ ਰਹਿਣ ਵਿੱਚ ਤੁਹਾਡੀ ਮਦਦ ਕਰਦੇ ਹਨ



ਇੰਗਲੈਂਡ ਵਿੱਚ, ਜ਼ਿਆਦਾਤਰ ਟੀਕੇ NHS 'ਤੇ ਮੁਫ਼ਤ ਦਿੱਤੇ ਜਾਂਦੇ ਹਨ। ਟੀਕੇ ਤੁਹਾਡੀ ਜੀਵਨ ਭਰ ਲਈ ਰੱਖਿਆ ਕਰ ਸਕਦੇ ਹਨ। ਬੱਚਿਆਂ ਦੀ ਜਿੰਨੀ ਜਲਦੀ ਸੰਭਵ ਹੋ ਸਕੇ ਰੱਖਿਆ ਕਰਨ ਲਈ ਨਿਆਣਿਆਂ ਅਤੇ ਛੋਟੇ ਬੱਚਿਆਂ ਨੂੰ ਉਹਨਾਂ ਦੇ ਬਹੁਤ ਸਾਰੇ ਟੀਕੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਪੇਸ਼ ਕੀਤੇ ਜਾਂਦੇ ਹਨ। ਕਿਉਂਕਿ ਟੀਕਾਕਰਣ ਇੰਗਲੈਂਡ ਵਿੱਚ ਬਹੁਤ ਚੰਗੀ ਤਰ੍ਹਾਂ ਸਵੀਕਾਰੇ ਜਾਂਦੇ ਹਨ, ਇਹ ਲਾਜ਼ਮੀ ਨਹੀਂ ਹਨ।



ਟੀਕੇ ਆਮ ਤੌਰ 'ਤੇ ਤੁਹਾਡੀ ਜੀਪੀ ਪ੍ਰੈਕਟਿਸ ਵਿੱਚ ਪ੍ਰੈਕਟਿਸ ਨਰਸਾਂ ਦੁਆਰਾ ਦਿੱਤੇ ਜਾਂਦੇ ਹਨ। ਪ੍ਰੈਕਟਿਸ ਨਰਸਾਂ ਨੂੰ ਸਲਾਹ ਦੇਣ ਅਤੇ ਟੀਕਿਆਂ ਦੀ ਪੇਸ਼ਕਸ਼ ਕਰਨ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ। ਨਰਸ ਡਾਕਟਰੀ ਇਤਿਹਾਸ ਦੀ ਧਿਆਨ ਨਾਲ ਜਾਂਚ ਕਰੇਗੀ, ਪਰ ਜਿੰਨਾ ਚਿਰ ਤੁਸੀਂ ਜਾਂ ਤੁਹਾਡਾ ਬੱਚਾ ਸਿਹਤਮੰਦ ਹੋ, ਡਾਕਟਰ ਦੁਆਰਾ ਜਾਂਚ ਕਰਵਾਉਣ ਦੀ ਜ਼ਰੂਰਤ ਨਹੀਂ ਹੁੰਦੀ ਹੈ।

ਵੱਡੇ ਬੱਚਿਆਂ ਨੂੰ ਸਕੂਲ ਵਿੱਚ ਕੁਝ ਟੀਕੇ ਪੇਸ਼ ਕੀਤੇ ਜਾਂਦੇ ਹਨ। ਬਾਲਗਾਂ ਲਈ ਟੀਕੇ ਆਮ ਤੌਰ 'ਤੇ ਤੁਹਾਡੀ ਜੀਪੀ ਪ੍ਰੈਕਟਿਸ ਜਾਂ ਫਾਰਮੇਸੀ ਵਿਖੇ ਪੇਸ਼ ਕੀਤੇ ਜਾਂਦੇ ਹਨ।



ਜੇ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਕੀ ਤੁਸੀਂ ਜਾਂ ਤੁਹਾਡੇ ਬੱਚੇ ਨੇ ਇੰਗਲੈਂਡ ਵਿੱਚ ਸਿਫ਼ਾਰਸ਼ ਕੀਤੇ ਜਾਂਦੇ ਸਾਰੇ ਟੀਕੇ ਲਗਵਾ ਲਏ ਹਨ - ਆਪਣੀ ਜੀਪੀ ਪ੍ਰੈਕਟਿਸ ਤੋਂ ਪਤਾ ਕਰੋ। ਇੰਗਲੈਂਡ ਵਿੱਚ ਸਿਫ਼ਾਰਸ਼ ਕੀਤੇ ਜਾਂਦੇ ਟੀਕਿਆਂ ਨੂੰ ਪੂਰਾ ਕਰਨ ਵਿੱਚ ਕਦੇ ਵੀ ਦੇਰ ਨਹੀਂ ਹੁੰਦੀ।

### ਜੀਪੀ ਪ੍ਰੈਕਟਿਸ ਨਾਲ ਰਜਿਸਟਰ ਕਰਨਾ

ਇੰਗਲੈਂਡ ਵਿੱਚ ਕੋਈ ਵੀ ਜੀਪੀ ਪ੍ਰੈਕਟਿਸ ਕੋਲ ਰਜਿਸਟਰ ਹੋ ਸਕਦਾ ਹੈ ਅਤੇ ਮੁਫ਼ਤ ਵਿੱਚ ਕਿਸੇ ਮੁਢਲੇ ਦੇਖਭਾਲ ਡਾਕਟਰ ਜਾਂ ਨਰਸ ਨੂੰ ਮਿਲ ਸਕਦਾ ਹੈ। ਕਿਸੇ ਜੀਪੀ ਪ੍ਰੈਕਟਿਸ ਕੋਲ ਰਜਿਸਟਰ ਕਰਨ ਲਈ ਤੁਹਾਨੂੰ ਪਛਾਣ ਜਾਂ ਇਮੀਗ੍ਰੇਸ਼ਨ ਸਥਿਤੀ ਦਾ ਸਬੂਤ ਦੇਣ ਦੀ ਜ਼ਰੂਰਤ ਨਹੀਂ ਹੁੰਦੀ।

ਇਹ ਤਾਂ ਵੀ ਲਾਗੂ ਹੁੰਦਾ ਹੈ ਜੇ ਤੁਸੀਂ ਪਨਾਹ ਮੰਗਣ ਵਾਲੇ, ਸ਼ਰਣਾਰਥੀ, ਬੇਘਰ ਮਰੀਜ਼ ਜਾਂ ਵਿਦੇਸ਼ੀ ਮੁਲਾਕਾਤੀ ਹੋ, ਚਾਹੇ ਯੂਕੇ ਵਿੱਚ ਕਨੂੰਨੀ ਤੌਰ 'ਤੇ ਹੋ ਜਾਂ ਨਹੀਂ।

ਤੁਹਾਨੂੰ ਤਾਂ ਵੀ ਰਜਿਸਟਰ ਕਰਨਾ ਚਾਹੀਦਾ ਹੈ ਭਾਵੇਂ ਤੁਸੀਂ ਤੰਦਰੁਸਤ ਅਤੇ ਠੀਕ ਹੋ। ਤੁਹਾਨੂੰ ਪਤਾ ਨਹੀਂ ਹੁੰਦਾ ਕਿ ਤੁਹਾਨੂੰ ਸਿਹਤ ਸੰਭਾਲ ਦੀ ਕਦੋਂ ਲੋੜ ਪੈ ਸਕਦੀ ਹੈ ਅਤੇ ਪ੍ਰੈਕਟਿਸ ਤੁਹਾਨੂੰ ਸਿਹਤਮੰਦ ਰੱਖਣ ਲਈ ਰੋਕਥਾਮ ਸੇਵਾਵਾਂ ਪ੍ਰਦਾਨ ਕਰ ਸਕਦੀ ਹੈ।



**ਜੇ ਤੁਹਾਨੂੰ ਆਪਣੇ ਨਾਲ ਕਿਸੇ ਨੂੰ ਰੱਖਣ ਜਾਂ ਦੁਭਾਸ਼ੀਏ ਦੀ ਲੋੜ ਹੈ, ਤਾਂ ਆਪਣੀ ਜੀਪੀ ਪ੍ਰੈਕਟਿਸ ਤੋਂ ਪੁੱਛੋ।**

## ਇੰਗਲੈਂਡ ਵਿੱਚ ਹਰੇਕ ਨੂੰ ਜੀਪੀ ਕੋਲ ਰਜਿਸਟਰ ਹੋਣਾ ਚਾਹੀਦਾ ਹੈ। ਤੁਸੀਂ ਉਹਨਾਂ ਨੂੰ ਮੁਫ਼ਤ ਦਿਖਾ ਸਕਦੇ ਹੋ ਅਤੇ ਤੁਹਾਨੂੰ ਪਤੇ ਦੇ ਸਬੂਤ ਦੀ ਜ਼ਰੂਰਤ ਨਹੀਂ ਹੁੰਦੀ

ਤੁਹਾਨੂੰ ਇਸ ਪਰਚੇ ਵਿੱਚ ਅਤੇ ਇਸ ਵੈੱਬਸਾਈਟ 'ਤੇ ਇਸ ਬਾਰੇ ਵੇਰਵੇ ਮਿਲ ਸਕਦੇ ਹਨ ਕਿ ਕਿਸੇ ਜੀਪੀ ਕੋਲ ਰਜਿਸਟਰ ਕਿਵੇਂ ਹੋਣਾ ਹੈ **www.nhs.uk/using-the-nhs/nhs-services/gps/how-to-register-with-a-gp-practice**

ਹੋ ਸਕਦਾ ਹੈ ਕਿ ਤੁਹਾਨੂੰ ਕਿਸੇ NHS ਦੇ ਇਲਾਜ ਲਈ ਭੁਗਤਾਨ ਕਰਨਾ ਪਵੇ, ਪਰ ਰੁਟੀਨ ਟੀਕੇ ਮੁਫ਼ਤ ਹੁੰਦੇ ਹਨ।

## ਜੇ ਤੁਹਾਨੂੰ ਸਿਹਤ ਦੇਖਭਾਲ ਤਕ ਪਹੁੰਚਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਕੀ ਕਰਨਾ ਹੈ?

ਜੇ ਤੁਹਾਨੂੰ ਹਾਲੇ ਵੀ ਮੁਸ਼ਕਲਾਂ ਆ ਰਹੀਆਂ ਹਨ ਤਾਂ 111 ਡਾਇਲ ਕਰੋ।

### ਵੱਖ-ਵੱਖ ਦੇਸ਼ ਵੱਖ-ਵੱਖ ਟੀਕੇ ਪੇਸ਼ ਕਰਦੇ ਹਨ

ਆਪਣੀ ਜੀਪੀ ਪ੍ਰੈਕਟਿਸ ਤੋਂ ਇਹ ਪਤਾ ਕਰਨਾ ਅਤੇ ਇਹ ਪੱਕਾ ਕਰਨਾ ਚੰਗਾ ਹੁੰਦਾ ਹੈ ਕਿ ਤੁਸੀਂ ਉਹ ਸਾਰੇ ਟੀਕੇ ਲਗਵਾ ਲਏ ਹਨ ਜੋ ਅਸੀਂ ਇੱਥੇ ਇੰਗਲੈਂਡ ਵਿੱਚ ਮੁਫ਼ਤ ਪੇਸ਼ ਕਰਦੇ ਹਾਂ। ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਉਨ੍ਹਾਂ ਨੂੰ ਕਿਉਂ ਖੁੰਝਾਇਆ ਹੈ, ਇਹ ਜ਼ਰੂਰੀ ਹੈ ਕਿ ਤੁਸੀਂ ਉਨ੍ਹਾਂ ਨੂੰ ਪੂਰਾ ਕਰੋ ਅਤੇ ਸੁਰੱਖਿਅਤ ਬਣੋ।

ਕੁਝ ਲਾਗਾਂ ਦੂਜੇ ਦੇਸ਼ਾਂ ਵਿੱਚ ਵਧੇਰੇ ਆਮ ਹੋ ਸਕਦੀਆਂ ਹਨ, ਇਸ ਲਈ ਇਹ ਜਾਂਚਣਾ ਵੀ ਮਹੱਤਵਪੂਰਨ ਹੈ ਕਿ ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਲਈ ਵਿਦੇਸ਼ ਜਾਣ ਤੋਂ ਪਹਿਲਾਂ ਤੁਹਾਨੂੰ ਕਿਸੇ ਵਾਧੂ ਟੀਕਿਆਂ ਦੀ ਜ਼ਰੂਰਤ ਹੈ - ਕੁਝ ਯਾਤਰਾ ਟੀਕੇ NHS 'ਤੇ ਮੁਫ਼ਤ ਨਹੀਂ ਹਨ।



## ਇੰਗਲੈਂਡ ਵਿੱਚ ਨਿਯਮਿਤ ਤੌਰ 'ਤੇ ਕਦੋਂ ਅਤੇ ਕਿਹੜੇ ਟੀਕੇ ਦਿੱਤੇ ਜਾਂਦੇ ਹਨ?




ਨਵੇਂ ਜਨਮੇ ਬੱਚਿਆਂ, ਛੋਟੇ ਬੱਚਿਆਂ, ਕਿਸ਼ੋਰਾਂ, ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਨੂੰ ਟੀਕੇ ਪੇਸ਼ ਕੀਤੇ ਜਾਂਦੇ ਹਨ। ਤੁਹਾਨੂੰ ਟੀਕਾਕਰਣ ਕਾਰਜਕ੍ਰਮ ਬਾਰੇ ਵਧੇਰੇ ਜਾਣਕਾਰੀ ਇੱਥੋਂ ਮਿਲ ਸਕਦੀ ਹੈ: www.nhs.uk/conditions/vaccinations. ਜੇ ਤੁਸੀਂ ਯੂਕੇ ਕਾਰਜਕ੍ਰਮ ਵਿੱਚ ਕਿਸੇ ਵੀ ਟੀਕੇ ਨੂੰ ਖੁੰਝਾ ਦਿੱਤਾ ਹੈ, ਤਾਂ ਤੁਹਾਨੂੰ ਹਾਲੇ ਵੀ ਵੱਡੀ ਉਮਰ ਵਿੱਚ ਵੀ ਰੱਖਿਆ ਦੀ ਜ਼ਰੂਰਤ ਪੈ ਸਕਦੀ ਹੈ। ਇਹ ਪਤਾ ਕਰਨ ਲਈ ਆਪਣੇ ਜੀਪੀ ਜਾਂ ਨਰਸ ਨੂੰ ਪੁੱਛੋ ਕਿ ਕੀ ਤੁਹਾਨੂੰ ਕੈਚ-ਅੱਪ ਖੁਰਾਕ ਦੀ ਲੋੜ ਹੈ।



ਨਿਆਣਿਆਂ ਅਤੇ ਛੋਟੇ ਬੱਚਿਆਂ ਨੂੰ ਖ਼ਸਰਾ, ਮੰਪਸ, ਰੁਬੇਲਾ (MMR), ਰੋਟਾਵਾਇਰਸ, ਡਿਪਥੀਰੀਆ, ਕਾਲੀ ਖੰਘ, ਮੈਨਿਨਜਾਈਟਿਸ, ਪੋਲੀਓ, ਟੈਟਨਸ, ਹੈਪੇਟਾਇਟਿਸ B, ਟੀਬੀ ਅਤੇ ਹੋਰ ਬਹੁਤ ਸਾਰੀਆਂ ਬਚਪਨ ਦੀਆਂ ਲਾਗਾਂ ਤੋਂ ਰੱਖਿਆ ਲਈ ਟੀਕੇ ਲਗਾਉਣ ਦੀ ਲੋੜ ਹੁੰਦੀ ਹੈ।



ਸਕੂਲ ਤੋਂ ਪਹਿਲਾਂ ਦੇ ਬੱਚਿਆਂ ਨੂੰ ਉੱਪਰ ਦੱਸੇ ਕੁਝ ਰੋਗਾਂ ਲਈ ਬੂਸਟਰ ਟੀਕੇ ਲਗਾਉਣ ਦੀ ਲੋੜ ਹੁੰਦੀ ਹੈ। ਇਸ ਨਾਲ ਬੱਚਿਆਂ ਨੂੰ ਬਿਹਤਰ ਅਤੇ ਲੰਬੇ ਸਮੇਂ ਲਈ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੈ। ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਹਰ ਸਾਲ ਫਲੂ ਦਾ ਟੀਕਾ ਪੇਸ਼ ਕੀਤਾ ਜਾਂਦਾ ਹੈ।



ਬਾਲਗ ਉਮਰ ਵਿੱਚ ਲੰਬੇ ਸਮੇਂ ਤੱਕ ਰਹਿਣ ਵਾਲੀ ਸੁਰੱਖਿਆ ਮੁਹੱਈਆ ਕਰਨ ਲਈ ਕਿਸ਼ੋਰਾਂ ਨੂੰ ਮੈਨਿਨਜਾਈਟਿਸ ਸਮੇਤ ਇਹਨਾਂ ਵਿੱਚੋਂ ਕੁਝ ਲਾਗਾਂ ਲਈ ਇੱਕ ਹੋਰ ਟੌਪ-ਅੱਪ (ਬੂਸਟਰ) ਟੀਕਾਕਰਣ ਦੀ ਲੋੜ ਹੁੰਦੀ ਹੈ। ਉਹਨਾਂ ਨੂੰ HPV ਟੀਕਾ ਵੀ ਪੇਸ਼ ਕੀਤਾ ਜਾਂਦਾ ਹੈ ਜੋ ਕੁਝ ਕੈਂਸਰਾਂ ਨੂੰ ਰੋਕ ਸਕਦਾ ਹੈ।



ਜੇ ਤੁਸੀਂ ਬੱਚੇ ਦੀ ਯੋਜਨਾ ਬਣਾ ਰਹੇ ਹੋ ਤਾਂ ਤੁਹਾਨੂੰ ਗਰਭਵਤੀ ਹੋਣ ਤੋਂ ਪਹਿਲਾਂ ਜਾਂਚ ਕਰਨੀ ਚਾਹੀਦੀ ਹੈ ਕਿ ਤੁਸੀਂ ਆਪਣੇ ਸਾਰੇ ਟੀਕੇ ਲਗਵਾ ਲਏ ਹਨ - ਖਾਸ ਕਰਕੇ MMR ਦੀਆਂ ਦੋ ਖੁਰਾਕਾਂ।

ਜੇ ਤੁਸੀਂ ਗਰਭਵਤੀ ਹੋ ਤਾਂ ਤੁਹਾਨੂੰ ਖੁਦ ਨੂੰ ਅਤੇ ਆਪਣੇ ਬੱਚੇ ਨੂੰ ਕਾਲੀ ਖੰਘ ਅਤੇ ਫਲੂ ਤੋਂ ਬਚਾਉਣ ਲਈ ਟੀਕੇ ਲਗਾਉਣ ਦੀ ਜ਼ਰੂਰਤ ਹੁੰਦੀ ਹੈ। ਤੁਹਾਨੂੰ ਹੈਪੇਟਾਇਟਿਸ B ਵਰਗੀਆਂ ਲਾਗਾਂ ਲਈ ਵੀ ਜਾਂਚ ਕਰਵਾਉਣੀ ਚਾਹੀਦੀ ਹੈ (ਖੂਨ ਦੀ ਜਾਂਚ) ਜੋ ਮਾਂ ਤੋਂ ਬੱਚੇ ਤਕ ਜਾ ਸਕਦੀਆਂ ਹਨ। ਕੁਝ ਬੱਚਿਆਂ ਨੂੰ ਜਨਮ ਦੇ ਸਮੇਂ ਵਾਧੂ ਹੈਪੇਟਾਇਟਿਸ B ਟੀਕੇ ਦੀ ਲੋੜ ਹੋ ਸਕਦੀ ਹੈ।



ਬਜ਼ੁਰਗਾਂ ਨੂੰ ਫਲੂ, ਨਮੂਨੀਆ ਅਤੇ ਸ਼ਿੰਗਲਜ਼ (ਧੱਦਰ) ਤੋਂ ਬਚਾਅ ਲਈ ਟੀਕੇ ਲਵਾਉਣ ਦੀ ਲੋੜ ਹੁੰਦੀ ਹੈ।

**ਇਹ ਪਤਾ ਕਰਨ ਲਈ ਆਪਣੇ ਜੀਪੀ ਜਾਂ ਨਰਸ ਪ੍ਰੈਕਟਿਸ ਨਾਲ ਗੱਲ ਕਰੋ ਕਿ ਕੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਰੁਟੀਨ ਜਾਂ ਵਾਧੂ ਟੀਕਿਆਂ ਦੀ ਲੋੜ ਹੈ।**

Fixed_PHE_11152_Migrant vaccinations – DL leaflet 15-PA.indd 4-6 28/01/2020 13:21:47